## ਹਲੂਣਾ

ਸਿੰਘੋ ! ਅਜ ਸਮਾਂ ਹੈ। ਕੌਮ ਤੇ ਜੋ ਪੀੜਾ ਬਣੀ ਹੈ ਉਸ ਵਾਸਤੇ ਲੋੜ ਹੈ ਸਾਨੂੰ ਸਤਿਗੁਰ ਦੇ ਉਪਦੇਸ਼ ਨੂੰ ਸਮਝਣ ਦੀ ਅਤੇ ਉਸ ਤੇ ਚਲਣ ਦੀ। ਇਸ ਵਾਸਤੇ ਵਧ ਤੋਂ ਵਧ ਗਿਣਤੀ ਵਿਚ ਅਖਾੜੇ ਆਓ ਅਤੇ ਸ਼ਸਤ੍ਰ ਵਿਦਿਆ ਨੂੰ ਆਪਣੇ ਜੀਵਨ ਦਾ ਅੰਗ ਬਣਾਓ।

ਸ਼ਸਤ੍ਰ ਵਿਦਿਆ ਤਾਂ ਸਾਨੂੰ ਆਪਣੇ ਗੁਰੂ ਕੋਲੋਂ ਮਿਲੀ ਜਾਇਦਾਦ ਹੈ। ਜਿਸ ਨੂੰ ਅਸਾਂ ਸੰਭਾਲ ਕੇ ਰਖਣਾ ਹੈ। ਇਹ ਕੰਮ 'ਬਾਅਦ ਦਾ ਨਹੀਂ', ਸਭ ਤੋਂ ਪਹਿਲਾ ਹੈ।

ਜਥੇਦਾਰ ਗੁਰਚਰਨ ਸਿੰਘ ਜਰਨੈਲ
(ਗਤਕਾ ਮਾਸਟਰ)

★

## ਟ੍ਰੈਕਟ ਮੰਗਵਾਉਣ ਦਾ ਪਤਾ

ਆਪ ਜੀ ਆਪਣੇ ਆਸ ਪਾਸ ਇਸ ਟਰੈਕਟ ਨੂੰ ਮੁਫਤ ਵੰਡਣ ਲਈ ਹੇਠ ਲਿਖੇ ਪਤੇ ਤੋਂ ਮੰਗਵਾਓ।

ਜੱਥੇਦਾਰ ਗੁਰਚਰਨ ਸਿੰਘ
੪੨, ਰਾਮ ਨਗਰ, ਕ੍ਰਿਸ਼ਨ ਨਗਰ,
ਦਿੱਲੀ-੫੧

ਗਿਆਨੀ ਪ੍ਰੈਸ, ਈਸਟ ਆਜ਼ਾਦ ਨਗਰ, ਦਿੱਲੀ-51

ਟ੍ਰੈਕਟ ਨੰ: 1

ਸੰਤ-ਸਿਪਾਹੀ

# ਸ਼ਹੀਦ ਬਾਬਾ ਦੀਪ ਸਿੰਘ ਜੀ



ਭੇਟਾ--ਆਪ ਪੜ੍ਹੋ, ਹੋਰਨਾਂ ਨੂੰ ਪੜ੍ਹਾਓ

ਅਪ੍ਰੈਲ 1991 ਸੰਮਤ ਖਾਲਸਾ 292

ਪ੍ਰਕਾਸ਼ਕ---ਬਾਬਾ ਦੀਪ ਸਿੰਘ ਰਣਜੀਤ ਅਖਾੜਾ
ਕ੍ਰਿਸ਼ਨ ਨਗਰ; ਐਫ ਬਲਾਕ, (ਜਮਨਾ ਪਾਰ) ਦਿੱਲੀ-੫੧

# ਕੁਝ ਅਖਾੜੇ ਬਾਰੇ

ਬਾਬਾ ਦੀਪ ਸਿੰਘ ਰਣਜੀਤ ਅਖਾੜਾ ਇਕ ਨਿਰੋਲ ਧਾਰਮਿਕ ਸੰਸਥਾ ਹੈ। ਜੋ ਕਿ ੧੯੬੦ ਤੋਂ ਸੰਗਤਾਂ ਦੀ ਸੇਵਾ ਕਰ ਰਹੇ ਹਨ। ਜਿਸ ਦਾ ਉਦੇਸ਼ ਵੀਰਾਂ ਅਤੇ ਭੈਣਾਂ ਨੂੰ ਗੁਰਬਾਣੀ ਤੇ ਗੁਰਮਤਿ ਦ੍ਰਿੜ ਕਰਾਉਣਾ ਹੈ।

ਰੋਜ਼ ਸ਼ਾਮ ਨੂੰ ਅਖਾੜਾ ਲਗਦਾ ਹੈ, ਜਿਸ ਵਿਚ ੮ ਤੋਂ ੯ ਵਜੇ ਤਕ ਲਾਠੀ ਚਲਾਉਣਾ, ਤਲਵਾਰਬਾਜ਼ੀ, ਤੀਰੰਦਾਜ਼ੀ ਆਦਿ ਵਿਦਿਆ ਸਿਖਾਈਆਂ ਜਾਂਦੀਆਂ ਹਨ।

ਹਰ ਸ਼ੁਕਰਵਾਰ ਨੂੰ ਰਾਤੀਂ ਦੀਵਾਨ ਲੱਗਦਾ ਹੈ, ਜਿਸ ਵਿਚ ਪਾਠ ਅਤੇ ਕੀਰਤਨ ਹੁੰਦਾ ਹੈ।

ਇਸ ਤਰ੍ਹਾਂ ਅਖਾੜੇ ਵਲੋਂ ਸਤਿਗੁਰ ਦੇ ਦਸੇ ਰਾਹ ਤੇ ਸੰਤ-ਸਿਪਾਹੀ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਹੈ।

ਅਖਾੜੇ ਦੇ ਨੌਜਵਾਨ ਹਰ ਵਾਰ ਨਗਰ ਕੀਰਤਨ ਵਿਚ ਸ਼ਾਮਿਲ ਹੋ ਕੇ ਸ਼ਸਤ੍ਰ ਵਿਦਿਆ ਦੇ ਕਰਤਬ ਦਿਖਾਉਂਦੇ ਦੇਖੇ ਜਾ ਸਕਦੇ ਹਨ।

ਇਹ ਸਭ ਸਤਿਗੁਰ ਦੀ ਕਿਰਪਾ ਦਾ ਸਦਕਾ ਅਤੇ ਗੁਰਮਤਿ ਅਨੁਸਾਰ ਹਰ ਕਾਰਜ ਕਰਨ ਦਾ ਨਤੀਜਾ ਹੈ।

ਅਖਾੜੇ ਦੇ ਉਸਤਾਦ ਜਥੇਦਾਰ ਗੁਰਚਰਨ ਸਿੰਘ ਜੀ ਨੂੰ 'ਗਤਕਾ ਮਾਸਟਰ' ਦੀ ਉਪਾਧੀ ਦਿੱਤੀ ਗਈ ਹੈ।

ਇਹਨਾਂ ਨੂੰ ੧੯੯੦ ਵਿਚ ਵਿਦੇਸ਼ ਜਾ ਕੇ ਸ਼ਸਤ੍ਰ ਵਿਦਿਆ (ਤੀਰੰਦਾਜ਼ੀ) ਦੇ ਕਰਤਵ ਦਿਖਾਉਣ ਦਾ ਮੌਕਾ ਮਿਲਿਆ ਜਿਸ ਵਿਚ ਉਹਨਾਂ ਨੇ ਗੋਲਡ ਮੈਡਲ ਹਾਸਿਲ ਕੀਤੇ।

ਸੋ ਆਪ ਜੀ ਨੂੰ ਬੇਨਤੀ ਹੈ ਕਿ ਵਧ ਤੋਂ ਵਧ ਗਿਣਤੀ ਵਿਚ ਅਖਾੜੇ ਆ ਕੇ ਉਹਨਾਂ ਕੋਲੋਂ ਲਾਭ ਉਠਾਓ ਜੀ।

# ਸ਼ਹੀਦੀ ਦਿਵਸ ਤੇ ਵਿਸ਼ੇਸ਼

ਕਿਸੇ ਕਵੀ ਨੇ ਕਿਹਾ ਹੈ ਕਿ ਕਿਸੇ ਕੌਮ ਦੀ ਚੜ੍ਹਦੀ ਕਲਾ ਦਾ ਪ੍ਰਗਟਾਵਾ ਉਸ ਕੌਮ ਦੇ ਮੁਰੀਦਾਂ ਤੋਂ ਨਹੀਂ ਬਲਕਿ ਇਸ ਗਲ ਤੋਂ ਹੁੰਦਾ ਹੈ ਕਿ ਉਸ ਕੌਮ ਦੇ ਸ਼ਹੀਦ ਕਿਤਨੇ ਹਨ। ਸਿੱਖ ਇਕ ਸ਼ਹੀਦਾਂ ਦੀ ਕੌਮ ਹੈ। ਭਾਵੇਂ ਓਹ ਦੇਸ਼ ਕੌਮ ਦੀ ਅਣਖ ਦਾ ਮਸਲਾ ਹੋਵੇ ਯਾ ਫਿਰ ਦੇਸ਼ ਦੀ ਆਜ਼ਾਦੀ ਦਾ ਸਿੱਖ ਹਮੇਸ਼ਾਂ ਹੀ ਸ਼ਹੀਦੀਆਂ ਦੇਣ ਵਿਚ ਅਗੇ ਹੁੰਦੇ ਹਨ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਦੇਖ ਕੇ ਤਾਂ ਰਾਸ਼ਟਰ ਕਵੀ ਨੇ ਇਥੋਂ ਤਕ ਕਿਹਾ ਸੀ:—

"ਜਿਸ ਦੇਸ਼ ਕੌਮ ਕੁਲ ਕੇ ਬੱਚੇ ਦੇ ਸਕਤੇ ਹੈਂ ਯੂ ਬਲੀਦਾਨ।
ਉਸ ਕਾ ਵਰਤਮਾਨ ਕੁਛ ਭੀ ਹੋ ਭਵਿੱਸ਼ ਹੈ ਮਹਾਨ॥"

ਇਸ ਸ਼ਹੀਦੀ ਦੀ ਲਹਿਰ ਵਿਚ ਸ਼ਾਮਿਲ ਇਕ ਸ਼ਹੀਦ ਨੂੰ ਯਾਦ ਕਰਨ ਵਾਸਤੇ ਜੁੜੇ ਬੈਠੇ ਹੋ, ਉਹ ਸ਼ਹੀਦ ਕੌਮ ਨੂੰ ਇਕ ਨਵੀਂ ਦਿਸ਼ਾ ਦੇ ਗਿਆ। ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ ੧੪ ਮਾਘ ਸੰਮਤ ੧੭੩੯ (ਜਨਵਰੀ ੧੬੮੨ ਈਸਵੀ) ਨੂੰ ਮਾਤਾ ਜੀਊਣੀ ਦੀ ਕੁਖੋਂ ਪਿੰਡ ਪਹੂਵਿੰਡ, ਜ਼ਿਲਾ ਅੰਮ੍ਰਿਤਸਰ ਵਿਚ ਭਾਈ ਭਗਤੂ ਜੀ ਦੇ ਘਰ ਹੋਇਆ। ਇਹਨਾਂ ਨੂੰ ਸ਼ੁਰੂ ਤੋਂ ਹੀ ਗੁਰੂ ਘਰ ਵਲ ਰੁਚੀ ਰਹੀ। ਇਹ ਸਭ ਉਹਨਾਂ ਦੇ ਮਾਤਾ ਪਿਤਾ ਦਾ ਪ੍ਰਤਾਪ ਸੀ। ਉਹ ਮਾਂ ਬਾਪ ਧੰਨ ਹਨ ਜੋ ਆਪਣੇ ਬੱਚਿਆਂ ਨੂੰ ਸਤਿਗੁਰ ਦੇ ਦਸੇ ਰਾਹ ਤੇ ਤੋਰਦੇ ਹਨ।

੧੮ ਸਾਲਾਂ ਦਾ ਗਭਰੂ ਦੀਪਾ ਇਕ ਵਾਰ ਵੈਸਾਖੀ ਤੇ ਆਪਣੇ

ਮਾਤਾ ਪਿਤਾ ਨਾਲ ਗੁਰੂ ਦਰਸ਼ਨਾਂ ਨੂੰ ਚਾਈਂ ਚਾਈਂ ਆਇਆ।
ਦਸਮੇਸ਼ ਪਿਤਾ ਜੀ ਨੇ ਪੰਜਾਂ ਸਿੰਘਾਂ ਵਿਚ ਜਥੇਦਾਰ ਦੇ ਰੂਪ ਵਿਚ ਖੰਡੇ
ਬਾਟੇ ਦਾ ਅੰਮ੍ਰਿਤ ਤਿਆਰ ਕੀਤਾ। ਇਹ ਅੰਮ੍ਰਿਤ ਦੀ ਦਾਤ ਦੀਪੇ
ਨੂੰ ਵੀ ਪ੍ਰਾਪਤ ਹੋਈ ਤੇ ਉਸ ਦਾ ਨਾਮ ਦੀਪ ਸਿੰਘ ਰਖਿਆ ਗਿਆ।
ਦੀਪ ਸਿੰਘ ਓਥੇ ਸਿੰਘਾਂ ਦੇ ਜੀਵਨ ਤੋਂ ਇਤਨਾ ਪ੍ਰਭਾਵਿਤ ਹੋਇਆ
ਕਿ ਮਾਤਾ ਪਿਤਾ ਤੋਂ ਆਗਿਆ ਲੈ ਕੇ ਅਤੇ ਗੁਰੂ ਮਹਾਰਾਜ ਦੇ ਹੁਕਮ
ਨੂੰ ਮੰਨ ਕੇ ਕੁਝ ਸਮੇਂ ਲਈ ਅਨੰਦਪੁਰ ਹੀ ਰਹਿ ਪਿਆ। ੨੦-੨੨
ਸਾਲ ਦੀ ਉਮਰ ਤਕ ਹੀ ਬਾਬਾ ਦੀਪ ਸਿੰਘ ਜੀ ਸਿਆਣੇ ਵਿਦਵਾਨ
ਤੇ ਸੂਰਬੀਰ ਸੈਨਕ ਬਣ ਗਏ।

ਕੁਝ ਸਮੇਂ ਮਗਰੋਂ ਇਹਨਾਂ ਦੇ ਮਾਤਾ ਪਿਤਾ ਜੀ ਨੇ ਗੁਰੂ ਜੀ
ਪਾਸ ਬੇਨਤੀ ਕਰਕੇ ਸ਼ਾਦੀ ਦੇ ਸਬੰਧ ਵਿਚ ਬਾਬਾ ਦੀਪ ਸਿੰਘ ਜੀ ਨੂੰ
ਆਪਣੇ ਪਿਛੇ ਵਾਪਸ ਬੁਲਾ ਲਿਆ। ਹਾਲਾਂ ਸ਼ਾਦੀ ਹੋਣੀ ਹੀ ਸੀ ਕਿ
ਖਬਰ ਮਿਲੀ ਕਿ ਸਤਿਗੁਰਾਂ ਅਨੰਦਪੁਰ ਸਾਹਿਬ ਛੱਡ ਦਿਤਾ ਹੈ। ਚਾਰੇ
ਸਾਹਿਬਜਾਦੇ ਸ਼ਹੀਦ ਹੋ ਗਏ ਤੇ ਗੁਰੂ ਪ੍ਵਾਰ ਤੇ ਸਿਖ ਸਭ ਵਿਛੜ
ਗਏ ਹਨ।

ਇਹ ਖਬਰ ਸੁਣਦੇ ਹੀ ਬਾਬਾ ਦੀਪ ਸਿੰਘ ਜੀ ਗੁਰੂ ਜੀ ਦੀ
ਭਾਲ ਵਿਚ ਨਿਕਲ ਪਏ। ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ)
ਪੁਜਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਤੇ ਸੀਸ ਜਾ ਰਖਿਆ ਤੇ
ਭੀੜ ਸਮੇਂ ਬੇਖਬਰੀ ਕਾਰਨ ਅਨੰਦਪੁਰ ਸਾਹਿਬ ਤੋਂ ਗੈਰ ਹਾਜ਼ਰ
ਰਹਿਣ ਲਈ ਖਿਮਾਂ ਮੰਗੀ। ਸਤਿਗੁਰਾਂ ਨੇ ਬਾਬਾ ਜੀ ਨੂੰ ਛਾਤੀ ਨਾਲ
ਲਾਇਆ। ਗੁਰਬਾਣੀ ਦੀ ਇਹ ਤੁਕ ਇਹੋ ਜਹੇ ਆਪਾ ਨਿਛਾਵਰ
ਕਰਨ ਵਾਲਿਆਂ ਵਾਸਤੇ ਹੀ ਹੈ –

"ਤਨ ਮਨ ਧਨ ਸਭ ਸਉਪ ਗੁਰ ਕੋ
ਹੁਕਮ ਮਨੀਐ ਪਾਈਐ ॥"



ਸਤਿਗੁਰ ਨੇ ਬਾਬਾ ਦੀਪ ਸਿੰਘ ਜੀ ਨੂੰ ਉਥੇ ਹੀ ਭਾਈ ਮਨੀ
ਸਿੰਘ ਜੀ ਨਾਲ ਰਹਿਤ੍ਰੇ ਬਾਣੀ ਦੇ ਪ੍ਰਚਾਰ ਅਤੇ ਸ੍ਰੀ ਗੁਰੂ ਗਰੰਥ ਸਾਹਿਬ
ਜੀ ਦੇ ਉਤਾਰੇ ਦੀ ਸੇਵਾ ਲਾਈ। ਇਹ ਸੇਵਾ ਬਾਬਾ ਦੀਪ ਸਿੰਘ ਜੀ
ਨੇ ਤਨ ਤੇ ਮਨ ਨਾਲ ਨਿਭਾਈ। ਅਜ ਵੀ ਬਾਬਾ ਦੀਪ ਸਿੰਘ ਜੀ ਦੇ
ਹੱਥੀਂ ਕੀਤੇ ਗਏ ਉਤਾਰੇ ਮੌਜੂਦ ਹਨ।

ਮਗਰੋਂ ਜਦੋਂ ਸਾਰੇ ਸਿਖਾਂ ਦੀਆਂ ਬਾਰਾਂ ਮਿਸਲਾਂ ਬਣਾਈਆਂ
ਗਈਆਂ ਤਾਂ ਬਾਬਾ ਦੀਪ ਸਿੰਘ ਜੀ ਮਿਸਲ ਸ਼ਹੀਦਾਂ ਦੇ ਜਥੇਦਾਰ
ਬਣੇ। ਇਹ ਸਮਾਂ ਵੀ ਸਿਖਾਂ ਤੇ ਬੜੀ ਪੀੜਾਂ ਵਾਲਾ ਸੀ। ਸੰਨ ੧੭੫੬
ਈਸਵੀ ਵਿਚ ਅਹਿਮਦਸ਼ਾਹ ਅਬਦਾਲੀ ਨੇ ਮੁਗਲਾਨੀ ਬੇਗਮ ਦੇ
ਸੱਦੇ ਤੇ ਹਿੰਦੁਸਤਾਨ ਤੇ ਚੌਥਾ ਹਮਲਾ ਕੀਤਾ। ਮਥਰਾ, ਬਿੰਦ੍ਰਾਬਨ,
ਆਗਰਾ ਤੇ ਦਿੱਲੀ ਨੂੰ ਲੁਟ ਕੇ ਵਾਪਸ ਆਪਣੇ ਦੇਸ ਨੂੰ ਪਰਤਿਆ ਤਾਂ
ਉਸ ਦੇ ਪਾਸ ਹਜ਼ਾਰਾਂ ਪਸ਼ੂਆਂ ਤੇ ਲਦਿਆ ਸੋਨਾ, ਚਾਂਦੀ ਤੇ ਹੋਰ
ਕੀਮਤੀ ਸਾਮਾਨ ਸੀ। ਹਜ਼ਾਰਾਂ ਹਿੰਦੂ ਤੇ ਮੁਸਲਮਾਨ ਨੌਜੁਆਨ ਅਤੇ
ਇਸਤ੍ਰੀਆਂ ਨੂੰ ਗੱਡਿਆਂ ਉਤੇ ਲੱਦੀ ਕੈਦੀ ਬਣਾ ਕੇ ਲਿਜਾ ਰਿਹਾ ਸੀ।
ਖਾਲਸੇ ਨੇ ਫੈਸਲਾ ਕੀਤਾ ਕਿ ਅਬਦਾਲੀ ਪਾਸੋਂ ਦੇਸ਼ ਦੀ ਦੌਲਤ
ਖੋਹਣੀ ਹੈ ਤੇ ਦੇਸ ਦੀਆਂ ਬਹੂ-ਬੇਟੀਆਂ ਹਰ ਕੀਮਤ ਤੇ ਛੁਡਾਉਣੀਆਂ
ਹਨ। ਬਾਬਾ ਦੀਪ ਸਿੰਘ ਜੀ ਦੇ ਜੱਥੇ ਦੀ ਡਿਊਟੀ ਕੁਰਕੁਛੇਤਰ ਪਾਸ
ਲੱਗੀ। ਸਿੰਘ ਸੂਰਮੇ ਟੁਟ ਕੇ ਦੁਰਾਨੀਆਂ ਤੇ ਜਾ ਪਏ ਅਤੇ ਬਾਬਾ ਜੀ
ਦੇ ਜਥੇ ਦੇ ਸਿੰਘਾਂ ਨੇ ਦੁਰਾਨੀ ਲੁਟੇਰੇ ਦਾ ਭਾਰ ਹੌਲਾ ਕੀਤਾ। ਤਿੰਨ
ਸੌ ਦੇ ਕਰੀਬ ਭਾਰਤੀ ਬੀਬੀਆਂ ਅਤੇ ਇਕ ਸੌ ਦੇ ਕਰੀਬ ਭਾਰਤੀ ਲੜਕੇ
ਦੁਰਾਨੀ ਦੀ ਕੈਦ ਚੋਂ ਛੁਡਾ ਲਏ।

ਹੁਣ ਤਕ ਤੈਮੂਰ ਤੇ ਜ਼ਹਾਨ ਖਾਨ ਸਿਖਾਂ ਨੂੰ ਕਿਸੀ ਵੀ ਕੀਮਤ
ਤੇ ਖਤਮ ਕਰਨ ਨੂੰ ਤਿਆਰ ਸਨ। ਕਿਸੇ ਨੇ ਉਹਨਾਂ ਨੂੰ ਦਸਿਆ ਕਿ
ਸਿਖਾਂ ਨੂੰ ਖਤਮ ਕਰਨ ਦਾ ਕੇਵਲ ਇਕੋ ਹੀ ਰਾਹ ਹੈ ਕਿ ਸ੍ਰੀ ਦਰਬਾਰ
ਸਾਹਿਬ (ਅੰਮ੍ਰਿਤਸਰ ਸਾਹਿਬ) ਨੂੰ ਢਾਹ ਦਿਤਾ ਜਾਵੇ ਅਤੇ ਸਰੋਵਰ

ਨੂੰ ਮਿੱਟੀ ਨਾਲ ਪੂਰ ਦਿਤਾ ਜਾਵੇ। ਉਸਦਾ ਵਿਚਾਰ ਸੀ ਕਿ ਸਿਖ ਸਰੋਵਰ ਤੋਂ 'ਅੰਮ੍ਰਿਤ' ਪੀ ਕੇ ਅਮਰ ਹੋ ਜਾਂਦੇ ਹਨ ਅਤੇ ਉਹਨਾਂ ਵਿਚ ਲੜਨ ਦੀ ਅਕਹਿ ਸ਼ਕਤੀ ਆ ਜਾਂਦੀ ਹੈ। ਇਹ ਸੁਣ ਕੇ ਜਹਾਨ ਖਾਨ ਸਤ ਹਜ਼ਾਰ ਫੌਜ ਲੈ ਕੇ ਅੰਮ੍ਰਿਤਸਰ ਆਇਆ ਅਤੇ ਉਸ ਨੇ ਸ੍ਰੀ ਦਰਬਾਰ ਸਾਹਿਬ ਨੂੰ ਢਾਹ ਕੇ ਸਰੋਵਰ ਨੂੰ ਪੂਰ ਦਿਤਾ।

ਇਸ ਬੇਅਦਬੀ ਦੀ ਖਬਰ ਸਿਖਾਂ ਵਿਚ ਬਿਜਲੀ ਵਾਂਗ ਫੈਲ ਗਈ ਅਤੇ ਹਰ ਸਿਖ ਦੇ ਹਿਰਦੇ ਵਿਚਲੀ ਅਣਖ ਜਾਗ ਪਈ।

ਜਦ ਇਹ ਖਬਰ ਬਾਬਾ ਦੀਪ ਸਿੰਘ ਜੀ ਨੂੰ ਪੁਜੀ ਤਾਂ ਉਹਨਾਂ ਦੇ ਖੂਨ ਨੇ ਉਬਾਲਾ ਖਾਧਾ। ਉਹਨਾਂ ਨੇ ਐਲਾਨ ਕੀਤਾ, "ਸਿੰਘੋ! ਅਸੀਂ ਜ਼ਾਲਮਾਂ ਤੋਂ ਪਵਿੱਤਰ ਹਰਿਮੰਦਰ ਸਾਹਿਬ ਤੇ ਸਰੋਵਰ ਦੀ ਬੇਅਦਬੀ ਦਾ ਬਦਲਾ ਜ਼ਰੂਰ ਲੈਣਾ ਹੈ। ਮੌਤ ਲਾੜੀ ਨੂੰ ਵਰਨ ਲਈ ਸ਼ਹੀਦਾਂ ਦੀ ਜੰਞ ਚੜ੍ਹਨੀ ਹੈ। ਚਿੱਟੇ ਬਸਤ੍ਰ ਪਹਿਣ ਕੇ ਸ਼ਹੀਦੀ ਗਾਨੇ ਬੰਨ੍ਹਕੇ ਤਿਆਰ ਹੋ ਜਾਓ, ਜਿਨ੍ਹਾਂ ਗੁਰੂ ਦੀਆਂ ਖੁਸ਼ੀਆਂ ਪਰਾਪਤ ਕਰਨੀਆਂ ਹਨ।

ਇਸ ਹੁਕਮ ਨੂੰ ਸੁਣ ਕੇ ਸਾਰੇ ਕੰਮਾਂ ਨੂੰ ਵਿਚੇ ਛੱਡ ਕੇ ਸਿੰਘ ਤਿਆਰ ਹੋ ਗਏ ਤੇ ਕਰੀਬ ੫੦੦੦ ਸਿੰਘਾਂ ਦਾ ਇਕ ਜਥਾ ਤਰਨ ਤਾਰਨ ਸਾਹਿਬ ਪੁਜਿਆ।

ਕਿਉਂਕਿ ਫੁਰਮਾਨ ਹੈ—

"ਪਹਿਲਾਂ ਮਰਣੁ ਕਬੂਲ ਜੀਵਨ ਕੀ ਛਡ ਆਸ।"

ਉਧਰ ਜਹਾਨ ਖਾਂ ਨੂੰ ਖਬਰ ਲੱਗੀ ਤਾਂ ਉਹ ੨੦,੦੦੦ ਫੌ ਲੈ ਕੇ ਮੁਕਾਬਲੇ ਲਈ ਆਇਆ। ਦੋਵੇਂ ਫੌਜਾਂ ਗੋਹਲਵਾੜ ਪਾ



ਜਿਹੜਾ ਅੰਮ੍ਰਿਤਸਰ ਤੋਂ ਕੋਈ ਛੇ ਮੀਲ ਦੀ ਵਿਥ ਤੇ ਹੈ ਆ ਮਿਲਿਆ ਅਤੇ ਘਮਸਾਨ ਦੀ ਲੜਾਈ ਹੋਈ। ਮੁਗਲ ਫੌਜ ਜਿਹੜੀ ਸਿਖਾਂ ਨਾਲੋਂ ਤਿੰਨ ਚਾਰ ਗੁਣਾਂ ਵਧ ਸੀ, ਦੇ ਪੈਰ ਉਖੜਨੇ ਸ਼ੁਰੂ ਹੋ ਗਏ।

ਜਮਾਨ ਖਾਨ ਨੇ ਬਾਬਾ ਦੀਪ ਸਿੰਘ ਜੀ ਨੂੰ ਦੋ ਹੱਥ ਕਰਨ ਲਈ ਵੰਗਾਰਿਆ। ਬਾਬਾ ਜੀ ਸ਼ੇਰ ਵਾਂਗ ਗੱਜਦੇ ਉਸ ਤੇ ਜਾ ਪਏ। ਦੋਹਾਂ ਸੂਰਬੀਰਾਂ ਨੇ ਤਲਵਾਰ ਦੇ ਖੂਬ ਜੌਹਰ ਵਿਖਾਏ। ਅਚਾਨਕ ਦੋਹਾਂ ਦਾ ਸਾਂਝਾ ਵਾਰ ਹੋਇਆ ਤੇ ਜਮਾਨ ਖਾਨ ਦੇ ਨਾਲ ਹੀ ਬਾਬਾ ਜੀ ਦਾ ਸਿਰ ਇਕ ਪਾਸੇ ਜਾ ਪਿਆ। ਕੋਲੋਂ ਇਕ ਸਿਖ ਨੇ ਆਵਾਜ਼ ਮਾਰੀ ਬਾਬਾ ਜੀ! ਤੁਸੀਂ ਤਾਂ ਸੀਸ ਸਰੋਵਰ ਦੀਆਂ ਪ੍ਰਕਰਮਾਂ ਵਿਚ ਦੇਣ ਦਾ ਪ੍ਰਣ ਕੀਤਾ ਸੀ। ਸਿਖ ਦੀ ਆਵਾਜ਼ ਕੰਨੀ ਪਈ। ਬਾਬਾ ਜੀ ਨੇ ਆਪਣੇ ਸੀਸ ਨੂੰ ਖਬੇ ਹੱਥ ਸੰਭਾਲਿਆ ਅਤੇ ਸੱਜੇ ਨਾਲ ਫਿਰ ਖੰਡਾ ਖੜਕਾਉਣ ਲਗੇ।

ਦੁਸ਼ਮਨਾਂ ਨੂੰ ਤਹਿ ਤੇਗ ਕਰਦੇ ਹੋਏ ਬਾਬਾ ਜੀ ਗੁ: ਰਾਮਸਰ ਸਾਹਿਬ ਜਾ ਪੁਜੇ ਤੇ ਸਰੋਵਰ ਕੰਢੇ ਪ੍ਰਾਣ ਜਾ ਤਿਆਗੇ। ਉਥੇ ਸ਼ਹੀਦ ਗੰਜ ਗੁਰਦਵਾਰਾ ਹੈ।

ਸੋ ਐਸਾ ਜੀਵਨ ਸੀ ਬਾਬਾ ਜੀ ਦਾ ਤੇ ਐਸੀ ਮਰਨੀ ਸੀ ਉਹਨਾਂ ਦੀ,

"ਐਸੀ ਮਰਣੀ ਜੋ ਮਰੈ ਬਹੁਰਿ ਨ ਮਰਣਾ ਹੋਇ॥"

ਜੋ ਐਸੀ ਮੌਤ ਮਰਦੇ ਹਨ ਉਹ ਫਿਰ ਬਾਰ ਬਾਰ ਜੰਮਦੇ ਤੇ ਮਰਦੇ ਨਹੀਂ।

## ਪਰੇਰਣਾ

ਕੀ ਸਾਡਾ ਵੀ ਕੁਝ ਫਰਜ਼ ਬਣਦਾ ਹੈ ਕਿ ਐਸੇ ਜੀਵਨ ਕੋਲੋਂ ਕੋਈ ਸਿਖਿਆ ਲਈਏ। ਜੇ ਅਸੀਂ ਹੋਰ ਕੁਝ ਵੀ ਨਾ ਸਿਖ ਸਕੀਏ ਪਰ ਮਰਨਾ ਤਾਂ ਸਿਖ ਹੀ ਸਕਦੇ ਹਾਂ। ਵਾਹਿਗੁਰੂ ਅਗੇ ਅਰਦਾਸ ਕਰੀਏ ਕਿ ਸਾਨੂੰ ਐਸੀ ਮੌਤ ਬਖਸ਼ ਕਿ ਅਸੀਂ ਵੀ ਸ਼ਹੀਦ ਅਖਵਾ ਸਕੀਏ ਅਤੇ ਤੇਰੇ ਦਰ ਤੇ ਸੁਰਖਰੂ ਹੋ ਸਕੀਏ। ਕਿਉਂਕਿ

ਮਰਣੁ ਮਨਸਾ ਸੂਰਿਆਂ ਹਕ ਹੈ ਜੇ ਹੋਇ ਮਰਣ ਪਰਵਾਨੋ ॥
ਸੂਰੇ ਸੇਈ ਅਗੇ ਆਖੀਐ ਦਰਗਹ ਪਾਵਹਿ ਸਚੀ ਮਾਨੋ ॥

ਮਰਨਾ ਤਾਂ ਹਰੇਕ ਨੇ ਹੈ ਪਰ ਸ਼ਹੀਦ ਦੀ ਮੌਤ ਕੋਈ ਵਿਰਲ ਹੀ ਮਰਦਾ ਹੈ।

## ਸਾਨੂੰ ਇਹ ਮਾਣ ਕਿਸਤਰ੍ਹਾਂ ਹਾਸਿਲ ਹੋ ਸਕਦਾ ਹੈ

ਸਾਨੂੰ ਯੁਧ ਦੀ ਕਲਾ ਅਤੇ ਸ਼ਸਤ੍ਰ ਵਿਰਸੇ ਵਿਚ ਆਪਣੇ ਗੁਰੂ ਕੋਲੋਂ ਮਿਲੇ ਹਨ। ਬਾਣੀ ਵਿਚ ਕਈ ਪ੍ਰਮਾਣ ਮਿਲਦੇ ਹਨ ਜਿਸ ਨਾਲ ਸਪਸ਼ਟ ਹੋ ਜਾਂਦਾ ਹੈ ਕਿ ਸਾਨੂੰ ਗੁਰੂ ਸਾਹਿਬਾਂ ਨੇ ਜੰਗ ਵਿਚ ਜੂਝਣ ਦੀ ਪਰੇਰਣਾ ਦਿੱਤੀ ਯਥਾ--

ਗਗਨ ਦਮਾਮਾ ਬਾਜਿਓ ਪਰਿਓ ਨਿਸ਼ਾਨੈ ਘਾਵ੍ਹੁ ॥
ਖੇਤ ਜੋ ਮਾਂਡਿਓ ਸੂਰਮਾ ਅਬ ਜੂਝਨ ਕੋ ਧਾਵਹੁ ॥

ਗੁਰੂ ਗੋਬਿੰਦ ਸਿੰਘ ਜੀ ਨੇ ਸ਼ਸਤ੍ਰਾਂ ਨੂੰ ਬਹੁਤ ਸਨਮਾਨ ਬਖਸ਼ਿਆ ਅਤੇ ਕਿਹਾ--



ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰ ਤੀਰ ॥
ਸੈਫ ਸਰੋਹੀ ਸੈਥੀ ਯਹੈ ਹਮਾਰੇ ਪੀਰ ॥

ਗੁਰੂ ਸਾਹਿਬ ਦੀ ਇਹ ਅਭਿਲਾਸ਼ਾ ਸੀ ਕਿ ਉਹ ਜੰਗ ਵਿਚ ਹੀ ਪ੍ਰਾਣ ਤਿਆਗਣ ਯਥਾ--

ਜਬ ਆਵ ਕੀ ਅਉਧ ਨਿਧਾਨ ਬਨੈ,
ਅਤਿ ਹੀ ਰਣ ਮੈਂ ਤਬ ਜੂਝ ਮਰੋਂ ॥

ਅਤੇ

ਸ਼ਸਤ੍ਰਨ ਸਿਉ ਅਤਿ ਹੀ ਰਣ ਭੀਤਰ
ਜੂਝ ਮਰੌਂ ਤੌਂ ਸਾਚੁ ਭਤੀਜੈ ॥

ਸ਼ਸਤ੍ਰਾਂ ਤੋਂ ਬਿਨਾਂ ਗੁਰੂ ਸਾਹਿਬ ਨੇ ਮਨੁਖ ਨੂੰ ਭੇਡ ਦੀ ਉਪਾਧੀ ਦੇ ਦਿਤੀ ਤੇ ਕ੍ਰਿਪਾਨ ਨੂੰ ਸਿਖ ਰਹਿਣੀ ਦਾ ਜ਼ਰੂਰੀ ਹਿੱਸਾ ਬਣਾ ਦਿੱਤਾ। ਇਥੋਂ ਤਕ ਆਖਿਆ--

ਇਹੈ ਮੋਰ ਆਗਿਆ ਸੁਨੋ ਹੇ ਪਿਆਰੇ ॥
ਬਿਨਾ ਸ਼ਸਤ੍ਰ ਕੇਸੰ ਦੇਹੋ ਨ ਦੀਦਾਰੇ ॥

ਅਸੀਂ ਵੀ ਗੁਰੂ ਕਲਗੀਧਰ ਦੇ ਕਹੇ ਅਨੁਸਾਰ ਚਲੀਏ, ਬਾਬਾ ਦੀਪ ਸਿੰਘ ਜੀ ਦੇ ਜੀਵਨ ਤੋਂ ਪ੍ਰੇਰਣਾ ਲਈਏ ਅਤੇ ਖੰਡੇ ਬਾਟੇ ਦਾ ਅੰਮ੍ਰਿਤ ਪੰਜ ਪਿਆਰਿਆਂ ਤੋਂ ਛਕਕੇ ਤਿਆਰ-ਬਰ-ਤਿਆਰ ਸਿੰਘ ਸਜੀਏ ਤਾਂ ਜੋ ਮਾਣ ਨਾਲ ਆਪਣੇ ਆਪ ਨੂੰ ਸਿਖ ਅਖਵਾ ਸਕੀਏ ਕਿਉਂਕਿ ਅੰਮ੍ਰਿਤ ਛੱਕਣ ਤੋਂ ਬਿਨਾਂ ਅਸੀਂ ਸਿੱਖ ਨਹੀਂ ਹਾਂ ਭਾਵੇਂ ਆਪਣੇ ਆਪ ਨੂੰ ਅਸੀਂ ਸਿੱਖ ਅਖਵਾਈ ਜਾਈਏ।

ਰਹਿਣੀ ਰਹੇ ਸੋਈ ਸਿਖ ਮੇਰਾ ॥

ਅਤੇ ਰਹਿਤ ਦਰਸਾਉਂਦੇ ਹੋਏ ਗੁਰੂ ਸਾਹਿਬਾਂ ਨੇ ਇਹ ਵੀ ਕਿਹਾ--

ਪ੍ਰਥਮ ਰਹਿਤ ਯਹਿ ਜਾਨ ਖੰਡੇ ਕੀ ਪਾਹੁਲ ਛਕੇ ॥
ਸੋਈ ਸਿੰਘ ਪ੍ਰਧਾਨ ਅਵਰ ਨ ਪਾਹੁਲ ਜੋ ਲਹੈ ॥

ਬਾਬਾ ਦੀਪ ਸਿੰਘ ਰਣਜੀਤ ਅਖਾੜਾ, ਜਿਸ ਵਿਚ ਸਿੰਘ ਸੂਰਮੇ ਆਪਣੇ ਬਜ਼ੁਰਗਾਂ ਦੇ ਪਾਏ ਪੂਰਨਿਆਂ ਤੇ ਚਲਦੇ ਗੁਰੂ ਘਰ ਦੀਆਂ ਖੁਸ਼ੀਆਂ ਮਾਣਦੇ ਹਨ। ਅਖਾੜੇ ਦੇ ਹਰ ਵੀਰ ਅਤੇ ਭੈਣ ਨੂੰ ਚਾਹੀਦਾ ਹੈ ਕਿ ਉਹ ਕਿਸੇ ਨਸ਼ੇ ਦੀ ਵਰਤੋਂ ਨਾ ਕਰਨ, ਨਾਲ ਇਹ ਵੀ ਬਹੁਤ ਜ਼ਰੂਰੀ ਹੈ ਕਿ ਉਹ ਅੰਮ੍ਰਿਤ ਪਾਨ ਕਰਨ । ਜੇ ਅਸੀਂ ਐਸਾ ਨਹੀਂ ਕਰਦੇ ਤਾਂ ਗੁਰੂ ਕਲਗੀਧਰ ਦੇ ਸਾਹਿਬਜ਼ਾਦਿਆਂ ਦਾ ਖ਼ੂਨ ਸਾਡੇ ਸਿਰ ਹੈ ਅਤੇ ਅਸੀਂ ਗੁਰੂ ਘਰ ਦੇ ਦੇਣਦਾਰ ਹਾਂ ।



# ਆਓ ਵੇਲਾ ਸੰਭਾਲੀਏ

ਅਸੀਂ ਸਿਖ ਹਾਂ, ਪਰ ਕੀ ਸਾਡੇ ਪੋਤਰੇ ਪੋਤਰੀਆਂ ਵੀ ਸਿਖ ਹੋਣਗੇ। ਕੀ ਉਹ ਵੀ ਗੁਰੂ ਪਾਤਸ਼ਾਹ ਦੇ ਦਸੇ ਮਾਰਗ ਤੇ ਚਲਕੇ ਗੁਰੂ ਘਰ ਦੀਆਂ ਖੁਸ਼ੀਆਂ ਹਾਸਲ ਕਰਨਗੇ ।

ਇਸ ਵਾਸਤੇ—

੧. ਬੱਚਿਆਂ ਨੂੰ ਬਚਪਨ ਤੋਂ ਹੀ ਪੰਜਾਬੀ ਸਿਖਾਉਣ ਦਾ ਉਪਰਾਲਾ ਕਰੋ ਜੀ ।

੨. ਉਹਨਾਂ ਨੂੰ ਸਿਖ ਇਤਿਹਾਸ ਨਾਲ ਸੰਬਧਿਤ ਧਾਰਮਿਕ ਲਿਟਰੇਚਰ ਲੇਖ ਆਦਿ ਪੜ੍ਹਾਓ ਅਤੇ ਹੋਰ ਗੰਦੇ ਨਾਵਲ ਆਦਿ ਪੜ੍ਹਨ ਤੋਂ ਰੋਕੋ ।

੩. ਛੋਟੇ ਬੱਚਿਆਂ ਨੂੰ ਗੁਰਦੁਵਾਰਾ ਸਾਹਿਬ ਨਾਲ ਲੈ ਕੇ ਜਾਉ ਤੇ ਉਥੇ ਬੈਠਕੇ ਕੀਰਤਨ ਅਤੇ ਪਾਠ ਸੁਣਨ ਦੀ ਜਾਚ ਦਸੋ ।

੪. ਬੱਚਿਆਂ ਨੂੰ ਗੁਰਬਾਣੀ ਪੜ੍ਹਨ ਅਤੇ ਸੁਣਨ ਦੇ ਨਾਲ ਨਾਲ ਸ਼ਸਤ੍ਰ ਵਿਦਿਆ ਦੀ ਸਿਖਲਾਈ ਵੀ ਕਰਾਓ ।

ਉਹ ਮਾਤਾ ਪਿਤਾ ਧੰਨ ਹਨ ਜੋ ਆਪਣੇ ਬੱਚਿਆਂ ਨੂੰ ਗੁਰੂ ਦੇ ਦਸੇ ਰਾਹ ਤੇ ਤੋਰਦੇ ਹਨ ।

---

ਏਕੋ ਸਿਮਰੋ ਨਾਨਕਾ ਜੋ ਜਲ ਥਲ ਰਹਿਆ ਸਮਾਇ ॥
ਦੂਜਾ ਕਾਹੇ ਸਿਮਰੀਐ ਜੋ ਜੰਮੈ ਤੇ ਮਰ ਜਾਇ ॥

ਅਤਿ ਸੁੰਦਰ ਕੁਲੀਨ ਚਤੁਰ ਮੁਖ ਗਿਆਨੀ ਧਨਵੰਤ ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤ ਨਹੀਂ ਭਗਵੰਤ ॥

ਹਰ ਇਕੋ ਦਾਤਾ ਸੇਵੀਐ ਹਰਿ ਇਕ ਧਿਆਈਐ ॥
ਹਰਿ ਇਕੋ ਦਾਤਾ ਮੰਗੀਐ ਮਨ ਚਿੰਦਿਆ ਪਾਈਐ ॥
ਜੇ ਦੂਜੇ ਪਾਸੋਂ ਮੰਗੀਐ ਤਾਂ ਲਾਜ ਮਰਾਈਐ ॥